ਪੰਜਾਬ ਸਰਕਾਰ

# ਪ੍ਰਦੇਸ਼ਿਕ ਦਿਹਾਤੀ ਵਿਕਾਸ ਸੰਸਥਾ

ਵਿਕਾਸ ਭਵਨ, ਪਲਾਟ ਨੰਬਰ: 1, ਸੈਕਟਰ-62, ਫੇਜ-8
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ)
ਫੋਨ ਤੇ ਫੈਕਸ: 0172-2231749 ਈ-ਮੇਲ: sirdpb@gmail.com

ਨੰ: 4255-4300 ਮਿਤੀ: 8-12-2010

ਵੱਲੋ

ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਫਰੀਦਕੋਟ ਅਤੇ ਫਿਰੋਜ਼ਪੁਰ ਡਵੀਜ਼ਨ
ਸਮੂਹ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਫਰੀਦਕੋਟ ਅਤੇ ਫਿਰੋਜ਼ਪੁਰ ਡਵੀਜ਼ਨ
ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਫਰੀਦਕੋਟ ਅਤੇ ਫਿਰੋਜ਼ਪੁਰ ਡਵੀਜ਼ਨ

**ਵਿਸ਼ਾ:-ਗਰਾਮ ਪੰਚਾਇਤਾਂ ਦੇ ਚੁਣੇ ਹੋਏ ਪ੍ਰਤੀਨਿਧੀਆਂ (ਸਰਪੰਚ ਅਤੇ ਪੰਚ) ਅਤੇ ਅਧਿਕਾਰੀਆਂ/ਕਰਮਚਾਰੀਆਂ ਨੂੰ ਟਰੇਨਿੰਗ ਦੇਣ ਸਬੰਧੀ।**

ਪੰਜਾਬ ਸਰਕਾਰ ਵੱਲੋਂ ਦਿਹਾਤੀ ਅਤੇ ਸੰਨਅਤੀ ਵਿਕਾਸ ਅਤੇ ਖੋਜ ਸੰਸਥਾ (ਕਰਿੱਡ), ਚੰਡੀਗੜ੍ਹ ਦੇ ਸਹਿਯੋਗ ਨਾਲ ਪੰਚਾਇਤੀ ਰਾਜ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਸਰਕਾਰੀ ਨਿਯਮਾਂ, ਰੂਲਾਂ ਆਦਿ ਦੀ ਜਾਣਕਾਰੀ ਦੇਣ ਅਤੇ ਉਨ੍ਹਾਂ ਦੀ ਭੂਮਿਕਾ ਅਤੇ ਸਰਕਾਰੀ ਸਕੀਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਟਰੇਨਿੰਗ ਪ੍ਰੋਗਰਾਮ ਮਿਤੀ 13.12.2010 ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਗਰਾਮ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜਿਲ੍ਹਾ ਪ੍ਰੀਸ਼ਦਾਂ ਦੇ ਨੁਮਾਇੰਦਿਆਂ ਅਤੇ ਕਰਮਚਾਰੀਆਂ ਨੂੰ ਟਰੇਨਿੰਗ ਵੱਖਰੇ ਵੱਖਰੇ ਤੌਰ 'ਤੇ ਦਿੱਤੀ ਜਾਵੇਗੀ। ਪੰਚਾਇਤੀ ਰਾਜ ਸੰਸਥਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਵਧੇਰੇ ਅਧਿਕਾਰ ਦੇਣ ਬਾਰੇ, ਉਨ੍ਹਾਂ ਦੀ ਪ੍ਰਸ਼ਾਸ਼ਨ ਵਿੱਚ ਭਾਗੀਦਾਰੀ ਅਤੇ ਲੋਕਾਂ ਪ੍ਰਤੀ ਉਨ੍ਹਾਂ ਦੇ ਅਧਿਕਾਰ ਅਤੇ ਫਰਜ਼ਾਂ ਤੋਂ ਉਨ੍ਹਾਂ ਨੂੰ ਜਾਣੂ ਕਰਵਾਉਣ ਲਈ ਇਹ ਪ੍ਰੋਗਰਾਮ ਇੱਕ ਮੀਲ ਪੱਥਰ ਸਾਬਤ ਹੋਵੇਗਾ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਹੇਠ ਲਿਖੀਆਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

1. ਜ਼ਿਲ੍ਹੇ ਦਾ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਜ਼ਿਲ੍ਹੇ ਵਿੱਚ ਟਰੇਨਿੰਗ ਦੇਣ ਲਈ ਨੋਡਲ ਅਫਸਰ ਵੱਜੋਂ ਕੰਮ ਕਰਨਗੇ।

2. ਇਹ ਟਰੇਨਿੰਗ ਪ੍ਰੋਗਰਾਮ ਗਰਾਮ ਪੰਚਾਇਤਾਂ ਦੇ ਮੈਂਬਰਾਂ ਅਤੇ ਸਰਪੰਚਾਂ ਲਈ ਸਾਂਝਾ ਪ੍ਰੋਗਰਾਮ ਹੈ ਅਤੇ ਸਾਰੇ ਮੈਂਬਰਾਂ ਦਾ ਇਸ ਪ੍ਰੋਗਰਾਮ ਵਿੱਚ ਭਾਗ ਲੈਣਾ ਯਕੀਨੀ ਬਣਾਇਆ ਜਾਵੇ। ਇਹ ਟਰੇਨਿੰਗ ਪ੍ਰੋਗਰਾਮ ਗਰਾਮ ਪੰਚਾਇਤ ਦੇ ਉਨ੍ਹਾਂ ਪੰਚਾਂ ਸਰਪੰਚਾਂ ਲਈ ਹੈ ਜਿਹੜੇ ਪਹਿਲੇ ਦੌਰ ਵਿੱਚ ਟਰੇਨਿੰਗ ਲੈਣ ਤੋਂ ਕਿਸੇ ਕਾਰਨ ਵਾਂਝੇ ਰਹਿ ਗਏ ਸਨ। ਬਲਾਕ ਦੇ ਸਾਰੇ ਮਹਿਲਾ ਮੈਂਬਰਾਂ ਅਤੇ ਅਨੁਸੂਚਿਤ ਜਾਤੀ ਨਾਲ ਸਬੰਧਤ ਮੈਂਬਰਾਂ ਦੀ ਇਨ੍ਹਾਂ ਟਰੇਨਿੰਗਾਂ ਵਿੱਚ ਹਾਜਰੀ ਯਕੀਨੀ ਬਣਾਈ ਜਾਵੇ ਭਾਵੇਂ ਕਿ ਉਨ੍ਹਾਂ ਨੇ ਪਹਿਲਾਂ ਵੀ ਟਰੇਨਿੰਗ ਲੈ ਲਈ ਹੋਵੇ।

3. ਪੰਚਾਇਤੀ ਰਾਜ ਸੰਸਥਾਵਾਂ ਦੇ ਗਰਾਮ ਪੰਚਾਇਤ ਪੱਧਰ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਦੋ ਰੋਜਾ ਟਰੇਨਿੰਗ ਦਿੱਤੀ ਜਾਵੇਗੀ। ਇਸ ਲਈ ਹਰ ਬੈਚ ਵਿੱਚ ਘੱਟੋ ਘੱਟ 50 ਅਤੇ ਵੱਧ ਤੋਂ ਵੱਧ 75 ਮੈਂਬਰ ਭਾਗ ਲੈਣਗੇ।

4. ਟਰੇਨਿੰਗ ਦਾ ਸਮਾਂ ਸਵੇਰੇ 9.30 ਤੋਂ 4.00 ਵਜੇ ਤੱਕ ਹੋਵੇਗਾ।

5. ਹਰ ਬੈਚ ਵਿੱਚ ਘੱਟੋ ਘੱਟ 50 ਮੈਂਬਰਾਂ ਦੀ ਹਾਜਰੀ ਯਕੀਨੀ ਬਣਾਉਣ ਦੀ ਜਿੰਮੇਵਾਰੀ ਬੀ.ਡੀ.ਪੀ.ਓ ਦੀ ਹੋਵੇਗੀ। 50 ਤੋਂ ਘੱਟ ਹਾਜ਼ਰੀ ਹੋਣ 'ਤੇ ਸਰਕਾਰ ਦੇ ਹੋਣ ਵਾਲੇ ਨੁਕਸਾਨ ਦੀ ਪੂਰਤੀ ਸਬੰਧਤ ਅਧਿਕਾਰੀ ਤੋਂ ਕੀਤੀ ਜਾ ਸਕਦੀ ਹੈ।

6. ਕਰਿੱਡ ਵੱਲੋਂ ਹਰ ਰੋਜ਼ ਇੱਕ ਵਾਰ ਚਾਹ, ਦੋ ਸਮੋਸਾ, ਦੋ ਪੀਸ ਬਰਫੀ ਅਤੇ ਇੱਕ ਕੇਲਾ ਹਰ ਪਾਰਟੀਸੀਪੈਂਟਸ ਨੂੰ ਮੁਹੱਈਆ ਕਰਵਾਇਆ ਜਾਵੇਗਾ ਅਤੇ ਹਰ ਪਾਰਟੀਸੀਪੈਂਟਸ ਨੂੰ ਇੱਕ ਟਰੇਨਿੰਗ ਕਿੱਟ (ਫਾਈਲ ਕਵਰ, ਨੋਟ ਪੈਡ, ਪੈਨ ਅਤੇ ਟਰੇਨਿੰਗ ਮੈਨੂਅਲ) ਵੀ ਮੁਹੱਈਆ ਕਰਵਾਈ ਜਾਵੇਗੀ।

7. ਜਿਨ੍ਹਾਂ ਬਲਾਕਾਂ ਵਿੱਚ ਟਰੇਨਿੰਗ ਲਈ ਰਹਿੰਦੇ ਪਾਰਟੀਸੀਪੈਂਟਸ ਦੀ ਗਿਣਤੀ 200 ਤੋਂ ਵੱਧ ਹੈ ਅਤੇ ਬਲਾਕ ਹੈਡ ਕੁਆਰਟਰ ਇੱਕ ਕੋਨੇ ਵਿੱਚ ਹੈ ਅਤੇ ਪਿੰਡਾਂ ਦੀ ਦੂਰੀ 20 ਕਿ.ਮੀ. ਤੋਂ ਵੱਧ ਹੈ ਉਨਾਂ ਪੰਚਾਇਤਾਂ ਲਈ ਟਰੇਨਿੰਗ ਦੀ ਵਿਵਸਥਾ ਕਲਸਟਰ ਪੱਧਰ 'ਤੇ ਕੀਤੀ ਜਾਵੇ ਬਾਕੀ ਥਾਂਵਾਂ ਤੇ ਬਲਾਕ ਹੈਡ ਕੁਆਰਟਰ 'ਤੇ ਟਰੇਨਿੰਗ ਦਿੱਤੀ ਜਾ ਸਕਦੀ ਹੈ।

8. ਦੁਪਿਹਰ ਦੇ ਖਾਣੇ ਦੇ ਬਦਲੇ ਦੋਵੇਂ ਦਿਨ ਭਾਗ ਲੈਣ ਵਾਲੇ ਨੁਮਾਇੰਦਿਆਂ/ਕਰਮਚਾਰੀਆਂ ਨੂੰ ਦੂਸਰੇ ਦਿਨ ਦੇ ਅਖੀਰ ਵਿੱਚ 150 ਰੁਪਏ ਨਕਦ ਦਿੱਤੇ ਜਾਣਗੇ ਕੇਵਲ ਇੱਕ ਦਿਨ ਭਾਗ ਲੈਣ ਵਾਲੇ ਨੁਮਾਇੰਦਿਆਂ/ਕਰਮਚਾਰੀਆਂ ਨੂੰ ਕੋਈ ਪੈਸਾ ਨਹੀਂ ਦਿੱਤਾ ਜਾਵੇਗਾ।

9. ਪੰਚਾਇਤੀ ਰਾਜ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਟਰੇਨਿੰਗ ਦੇਣ ਲਈ ਗਰੁੱਪਾਂ ਵਿੱਚ ਵੰਡਣ ਉਪਰੰਤ ਟਰੇਨਿੰਗ ਦੀ ਮਿਤੀ, ਸਮਾਂ ਅਤੇ ਸਥਾਨ ਆਦਿ ਬਾਰੇ ਮੈਂਬਰਾਂ ਨੂੰ ਅਗਾਊਂ ਸੂਚਨਾ ਬੀ.ਡੀ.ਪੀ.ਓ ਵੱਲੋਂ ਦਿੱਤੀ ਜਾਵੇਗੀ। ਅਤੇ ਇਸ ਦੀ ਇੱਕ ਕਾਪੀ ਟਰੇਨਿੰਗ ਸ਼ੁਰੂ ਹੋਣ ਤੋਂ ਇੱਕ ਹਫਤਾ ਪਹਿਲਾ ਐਸ.ਆਈ.ਆਰ.ਡੀ ਨੂੰ ਈ-ਮੇਲ ਰਾਹੀਂ ਭੇਜੀ ਜਾਵੇ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

10 ਜਿਸ ਕਲਸਟਰ ਦੇ ਪੰਚਾਂ, ਸਰਪੰਚਾਂ ਦੀ ਟਰੇਨਿੰਗ ਹੋਵੇਗੀ ਉਸ ਕਲਸਟਰ ਦਾ ਪੰਚਾਇਤ ਸਕੱਤਰ/ਗਰਾਮ ਸੇਵਕ ਖੁਦ ਵੀ ਟਰੇਨਿੰਗ ਵਿੱਚ ਭਾਗ ਲਵੇਗਾ।

11. ਇਹ ਗੱਲ ਯਕੀਨੀ ਬਣਾਈ ਜਾਵੇ ਕਿ ਟਰੇਨਿੰਗ ਸਬੰਧਤ ਪੀ.ਆਰ.ਆਈ ਦੇ ਮੈਂਬਰ ਨੂੰ ਹੀ ਦਿੱਤੀ ਜਾਵੇ ਨਾ ਕਿ ਉਸ ਦੇ ਪਤੀ/ਪਤਨੀ, ਰਿਸ਼ਤੇਦਾਰ ਨੂੰ।

12. ਹਾਜਰੀ ਸਵੇਰੇ ਕੇਵਲ 9.30 ਤੋਂ 10.30 ਵਜੇ ਤੱਕ ਪਹੁੰਚਣ ਵਾਲੇ ਪਾਰਟੀਸੀਪੈਂਟਸ ਦੀ ਹੀ ਲੱਗੇਗੀ। ਸਵੇਰੇ 10.30 ਵਜੇ ਤੋਂ ਲੇਟ ਆਉਣ ਵਾਲੇ ਨੁਮਾਇੰਦੇ/ਕਰਮਚਾਰੀ ਦੀ ਹਾਜਰੀ ਨਹੀਂ ਲੱਗੇਗੀ।

13. ਜਿਨ੍ਹਾਂ ਮਹਿਕਮਿਆਂ ਦੇ ਕੰਮ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪੇ ਗਏ ਹਨ, ਉਨ੍ਹਾਂ ਮਹਿਕਮਿਆਂ ਦੇ ਅਧਿਕਾਰੀਆਂ ਲਈ ਇਹ ਪ੍ਰੋਗਰਾਮ ਅਟੈਂਡ ਕਰਨਾ ਲਾਜਮੀ ਹੋਵੇਗਾ। ਉਨ੍ਹਾਂ ਦੀ ਸ਼ਮੂਲੀਅਤ ਬੀ.ਡੀ.ਪੀ.ਓ ਦੁਆਰਾ ਯਕੀਨੀ ਬਣਾਈ ਜਾਵੇ।

14. ਜ਼ਿਲ੍ਹਾ ਪੱਧਰ ਦੇ ਵੱਖ ਵੱਖ ਮਹਿਕਮਿਆਂ ਦੀਆਂ ਸਕੀਮਾਂ ਦੀ ਜਾਣਕਾਰੀ ਪੰਚਾਇਤੀ ਰਾਜ ਸੰਸਥਾਵਾਂ ਦੇ ਪ੍ਰਤੀਨਿਧੀਆਂ ਨੂੰ ਮੁਹੱਈਆ ਕਰਵਾਉਣ ਲਈ ਸਬੰਧਤ ਮਹਿਕਮੇਂ ਦੇ ਅਧਿਕਾਰੀਆਂ ਨੂੰ ਇਸ ਟਰੇਨਿੰਗ ਵਿੱਚ ਸ਼ਾਮਲ ਕੀਤਾ ਜਾਵੇ।

15. ਇਸ ਟਰੇਨਿੰਗ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਲਈ ਸਮੁੱਚੀ ਸੁਪਰਵਿਜਨ ਦੀ ਜਿੰਮੇਵਾਰੀ ਸਿੱਧੇ ਤੌਰ 'ਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਤੇ ਡੀ.ਡੀ.ਪੀ.ਓ ਦੀ ਹੋਵੇਗੀ।

16. ਟਰੇਨਿੰਗ ਸੰਸਥਾਵਾਂ ਦੇ ਅਧਿਕਾਰੀਆਂ ਲਈ ਜ਼ਿਲ੍ਹੇ/ਬਲਾਕ ਵਿੱਚ ਟਰੇਨਿੰਗ ਦੌਰਾਨ ਰਿਹਾਇਸ਼ ਲਈ ਜਿਲ੍ਹਾ ਅਤੇ ਬਲਾਕ ਪੱਧਰ 'ਤੇ ਸਬੰਧਤ ਅਧਿਕਾਰੀਆਂ ਵੱਲੋਂ ਪੂਰਾ ਸਹਿਯੋਗ ਦਿੱਤਾ ਜਾਵੇ।

17. ਭਾਰਤ ਸਰਕਾਰ ਵੱਲੋਂ ਜਾਰੀ ਮਾਪਦੰਡਾਂ ਅਨੁਸਾਰ ਇਸ ਟਰੇਨਿੰਗ ਦੌਰਾਨ ਕੀਤਾ ਜਾਣ ਵਾਲਾ ਖਰਚਾ ਦਿਹਾਤੀ ਅਤੇ ਸੰਨਅਤੀ ਵਿਕਾਸ ਅਤੇ ਖੋਜ ਸੰਸਥਾ (ਕਰਿੱਡ), ਚੰਡੀਗੜ੍ਹ ਵੱਲੋਂ ਕੀਤਾ ਜਾਵੇਗਾ।

ਡਾਇਰੈਕਟਰ
ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾ
ਐਸ.ਏ.ਐਸ.ਨਗਰ (ਮੋਹਾਲੀ)